(i) Printed Pages : 3 | Roll No. ...2806161........

(ii) Questions : 7

**Sub. Code : 1 3 4 1 2**

**Exam. Code : 5 0 4 1**

**Bachelor of Computer Application (FYUP) 1st Semester**

**(2125)**

**PUNJABI**

**Paper : Punjabi Sabhyachar Ate Viharak Punjabi (PUNC101)**

**Time Allowed : Three Hours]** **[Maximum Marks : 45**

## ਯੂਨਿਟ–I

1. ਹੇਠ ਲਿਖੇ ਨਿਬੰਧਾਂ ਵਿੱਚੋਂ ਕਿਸੇ **ਇੱਕ** ਦਾ ਵਿਸ਼ਾ ਦੱਸ ਕੇ ਸਾਰ ਲਿਖੋ: 8

   (ੳ) ਜੀਵਨ

   (ਅ) ਰਸਮਾਂ, ਤਿਉਹਾਰ ਤੇ ਮੇਲੇ।

2. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਪ੍ਰਸ਼ਨਾਂ ਦਾ ਉੱਤਰ ਦਿਉ: 4×2=8

   (ੳ) ਵਿਆਹ ਦੀਆਂ ਰਸਮਾਂ ਉੱਤੇ ਨੋਟ ਲਿਖੋ।

   (ਅ) ਪੰਜਾਬ ਵਿੱਚ ਮਨਾਏ ਜਾਂਦੇ ਮੇਲੇ ਅਤੇ ਤਿਉਹਾਰਾਂ ਸੰਬੰਧੀ ਜਾਣਕਾਰੀ ਦਿਉ।

   (ੲ) ਪੰਜਾਬ ਦੀਆਂ ਲੋਕ ਖੇਡਾਂ ਦੇ ਨਾਮ ਦੱਸਦੇ ਹੋਏ, ਉਹਨਾਂ ਦੀ ਸੰਖੇਪ ਜਾਣਕਾਰੀ ਦਿਉ।

   (ਸ) ਪੰਜਾਬੀ ਸੱਭਿਆਚਾਰ ਵਿੱਚ ਕਿਹੜੇ ਨਾਚ ਮਸ਼ਹੂਰ ਹਨ, ਚਰਚਾ ਕਰੋ।

3. ਹੇਠ ਲਿਖੀਆਂ ਵਾਰਤਕ ਟੁਕੜੀਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ: 4

   ਵਿਸਾਖੀ : ਪੰਜਾਬੀ ਦਾ ਵਰ੍ਹਾ ਵਿਸਾਖੀ ਨਾਲ ਸ਼ੁਰੂ ਹੁੰਦਾ ਹੈ। ਪੰਜਾਬੀਆਂ ਲਈ ਇਹ ਕੰਮ ਤੇ ਖੁਸ਼ੀ ਦਾ ਆਗਮਨ ਹੈ। ਪੱਕੀਆਂ ਫਸਲਾਂ ਦੀ ਵਾਢੀ ਦਾ

ਇਸ ਸਮੇਂ ਪ੍ਰਬੰਧ ਕੀਤਾ ਜਾਂਦਾ ਹੈ। ਫਸਲ ਕੱਟਣ ਤੋਂ ਵਿਹਲਿਆਂ ਹੋ ਕੇ ਭੰਗੜੇ ਪਾਏ ਜਾਂਦੇ ਹਨ ਅਤੇ ਵਿਸਾਖੀ ਦੇ ਮੇਲੇ ਨੂੰ ਬੜੇ ਚਾਅ ਨਾਲ ਉਡੀਕਿਆ ਤੇ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਦਿਨ ਖਾਲਸੇ ਦੀ ਸਿਰਜਣਾ ਕੀਤੀ ਸੀ। ਇਸ ਤਰ੍ਹਾਂ ਪੰਜਾਬੀਆਂ ਲਈ ਵਿਸਾਖੀ ਮਹੱਤਵਪੂਰਨ ਦਿਹਾੜਾ ਹੈ।

ਆਧੁਨਿਕ ਪੰਜਾਬੀ ਸਾਹਿਤ ਦਾ ਆਰੰਭ ਭਾਈ ਵੀਰ ਸਿੰਘ ਦੀ ਰਚਨਾ ਨਾਲ ਹੋਇਆ। ਭਾਈ ਵੀਰ ਸਿੰਘ ਦਾ ਜਨਮ 1872 ਵਿੱਚ ਹੋਇਆ। ਇਸੇ ਸਾਲ ਹੀ ਸਿੰਘ ਸਭਾ ਲਹਿਰ ਹੋਂਦ ਵਿੱਚ ਆਉਂਦੀ ਹੈ, ਜਿਸ ਨੇ ਅੱਗੇ ਚਲ ਕੇ ਭਾਈ ਵੀਰ ਸਿੰਘ ਨੂੰ ਪ੍ਰਭਾਵਿਤ ਕੀਤਾ ਅਤੇ ਭਾਈ ਸਾਹਿਬ ਦੇ ਵਿਚਾਰਾਂ ਦਾ ਪ੍ਰਭਾਵ ਕਬੂਲਿਆ ਵੀ।

## ਯੂਨਿਟ–II

4. ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿੱਚੋਂ ਕਿਸੇ **ਪੰਜ** ਦਾ ਪੰਜਾਬੀ ਅਨੁਵਾਦ ਕਰੋ: 5

Data, Enter, Processing, Gap, Escape, Firewall, Artificial Intelligence.

5. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੋਈ **ਪੰਜ** ਹੱਲ ਕਰੋ: 5×2=10

(ੳ) ਸਿਰ ਮਾਰਨਾ

(ਅ) ਗੰਢ ਭੇਜਣਾ

(ੲ) ਚਾਂਦੀ ਦੀ ਜੁੱਤੀ ਮਾਰਨਾ

(ਸ) ਡੰਡੇ ਵਜਾਉਣਾ

(ਹ) ਥਰ ਥਰ ਕੰਬਣਾ

(ਕ) ਦਿਨ-ਰਾਤ ਇੱਕ ਕਰਨਾ

(ਖ) ਦੰਦ ਖੱਟੇ ਕਰਨਾ।

6. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਪੱਤਰ ਲਿਖੋ: 5

(ੳ) ਕਿਸੇ ਸਰਕਾਰੀ ਕਰਮਚਾਰੀ ਵੱਲੋਂ ਮਚਾਈ ਜਾ ਰਹੀ ਧਾਂਦਲੀ ਸੰਬੰਧੀ ਉਸਦੇ ਉਚ-ਅਫ਼ਸਰ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰੋ।

(ਅ) ਕਿਸੇ ਸਪੋਰਟਸ ਫੈਕਟਰੀ ਨੂੰ ਖੇਡਾਂ ਦਾ ਮਾਲ ਸਪਲਾਈ ਕਰਨ ਲਈ ਪੱਤਰ ਲਿਖੋ।

7. ਹੇਠ ਲਿਖੇ ਪੈਰ੍ਹੇ ਦੀ ਸਿਰਲੇਖ ਦੱਸ ਕੇ ਸੰਖੇਪ ਰਚਨਾ ਕਰੋ: 5

ਖੇਡਾਂ ਜੀਵਨ ਦਾ ਅਹਿਮ ਹਿੱਸਾ ਹਨ। ਇਨ੍ਹਾਂ ਦਾ ਮਕਸਦ ਸਿਰਫ ਮਨੋਰੰਜਨ ਹੀ ਨਹੀਂ, ਸਗੋਂ ਸਰੀਰਕ ਅਤੇ ਮਾਨਸਿਕ ਵਿਕਾਸ ਕਰਨਾ ਵੀ ਹੁੰਦਾ ਹੈ। ਖੇਡਾਂ ਨਾਲ ਇਨਸਾਨ ਚੁਸਤ-ਦਰੁਸਤ ਅਤੇ ਤੰਦਰੁਸਤ ਰਹਿੰਦਾ ਹੈ। ਇਸ ਨਾਲ ਨਾ ਕੇਵਲ ਸਰੀਰ ਫਿੱਟ ਰਹਿੰਦਾ ਹੈ, ਸਗੋਂ ਮਨ ਵੀ ਪ੍ਰਸੰਨ ਅਤੇ ਚੁਸਤ ਬਣਿਆ ਰਹਿੰਦਾ ਹੈ। ਖੇਡਾਂ ਵਿੱਚ ਭਾਗ ਲੈਣ ਨਾਲ ਵਿਅਕਤੀ ਵਿੱਚ ਸਹਿਯੋਗ, ਟੀਮ ਵਰਕ, ਲੀਡਰਸ਼ਿਪ ਅਤੇ ਆਤਮ ਵਿਸ਼ਵਾਸ ਵਰਗੀਆਂ ਖ਼ੂਬੀਆਂ ਵਿਕਸਤ ਹੁੰਦੀਆਂ ਹਨ। ਖਿਡਾਰੀ ਹਾਰ-ਜਿੱਤ ਦੋਹਾਂ ਨੂੰ ਸਵੀਕਾਰ ਕਰਨਾ ਸਿੱਖ ਜਾਂਦਾ ਹੈ, ਜਿਸ ਨਾਲ ਉਹ ਜੀਵਨ ਦੇ ਹਰ ਪੱਖ ਵਿੱਖ ਅੱਗੇ ਵਧਣ ਯੋਗ ਬਣ ਜਾਂਦਾ ਹੈ। ਸਕੂਲਾਂ ਵਿੱਚ ਵੀ ਖੇਡਾਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ, ਜਿਵੇਂ ਕਿ ਕ੍ਰਿਕਟ, ਹਾਕੀ, ਖੋ-ਖੋ, ਕਬੱਡੀ ਅਤੇ ਐਥਲੈਟਿਕਸ ਆਦਿ। ਇਨ੍ਹਾਂ ਨਾਲ ਵਿਦਿਆਰਥੀਆਂ ਦੀ ਸਰੀਰਕ ਕਸਰਤ ਹੁੰਦੀ ਹੈ। ਅਜਕੱਲ ਦੇ ਵਿਦਿਆਰਥੀ ਵੱਧਦੇ ਮੋਬਾਈਲ ਅਤੇ ਟੈਕਨੋਲੋਜੀ ਦੇ ਪ੍ਰਭਾਵ ਕਾਰਨ ਖੇਡਾਂ ਵੱਲੋਂ ਦੂਰ ਹੋ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਹਰ ਰੋਜ਼ ਕੁਝ ਸਮਾਂ ਖੇਡਾਂ ਲਈ ਕੱਢੀਏ, ਤਾਂ ਜੋ ਆਪਣੀ ਸਿਹਤ ਨੂੰ ਬਿਹਤਰ ਬਣਾਈ ਰੱਖੀਏ।